ਗਾਹਕ ਦਾ ਨਾਂ	ACES ID ਨੰਬਰ

ਜਦੋਂ ਤੁਸੀਂ ਹੋਮ ਐਂਡ ਕਮਿਊਨਿਟੀ ਲਿਵਿੰਗ ਐਡਮਿਨਿਸਟ੍ਰੇਸ਼ਨ ਅਤੇ ਡਿਵੈਲਪਮੈਂਟਲ ਡਿਸਏਬਿਲਿਟੀਜ਼ ਐਡਮਿਨਿਸਟ੍ਰੇਸ਼ਨ ਦੁਆਰਾ ਪੇਸ਼ ਕੀਤੀਆਂ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਤੁਹਾਡੇ ਅਧਿਕਾਰ ਅਤੇ ਜ਼ਿੰਮੇਵਾਰੀਆਂ

Your Rights and Responsibilities When You Receive Services Offered by Home and Community Living Administration and Developmental Disabilities Administration

ਉਪਲਬਧ ਸੇਵਾਵਾਂ

ਤੁਹਾਡੇ ਕੋਲ ਉਹਨਾਂ ਸੇਵਾਵਾਂ ਵਿੱਚੋਂ ਚੋਣ ਕਰਨ ਦਾ ਅਧਿਕਾਰ ਹੈ ਜਿਨ੍ਹਾਂ ਨੂੰ ਪ੍ਰਾਪਤ ਕਰਨ ਦੇ ਤੁਸੀਂ ਯੋਗ ਹੋ। ਸੇਵਾਵਾਂ ਸਵੈ-ਇੱਛੁਕ ਹਨ। ਜਿਨ੍ਹਾਂ ਸੇਵਾਵਾਂ ਲਈ ਹੋਮ ਐਂਡ ਕਮਿਊਨਿਟੀ ਲਿਵਿੰਗ ਐਡਮਿਨਿਸਟ੍ਰੇਸ਼ਨ ਅਤੇ ਡਿਵੈਲਪਮੈਂਟਲ ਡਿਸਏਬਿਲਿਟੀਜ਼ ਐਡਮਿਨਿਸਟ੍ਰੇਸ਼ਨ ਭੁਗਤਾਨ ਕਰ ਸਕਦੇ ਹਨ, ਹੋ ਸਕਦਾ ਹੈ ਕਿ ਉਹ ਤੁਹਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਵਿੱਚ ਮਦਦ ਨਾ ਕਰਨ।

HCLA ਅਤੇ DDA ਇਹਨਾਂ ਵਿੱਚ ਸੇਵਾਵਾਂ ਪੇਸ਼ ਕਰਦੇ ਹਨ:

- ਇੱਕ ਅਡਲਟ ਫੈਮਿਲੀ ਹੋਮ, ਅਸਿਸਟਿਡ ਲਿਵਿੰਗ ਫੈਸਿਲਿਟੀ, ਇਨਹਾਂਸਡ ਸਰਵਿਸਿਜ਼ ਫੈਸਿਲਿਟੀ, ਨਰਸਿੰਗ ਫੈਸਿਲਿਟੀ, ICF/IDs, ਕੰਪੈਨੀਅਨ ਹੋਮ, ਚਿਲਡਰਨਜ਼ ਫੋਸਟਰ ਹੋਮ, ਲਾਇਸੰਸਸ਼ੁਦਾ ਸਟਾਫ਼ ਵਾਲਾ ਬੱਚਿਆਂ ਦਾ ਰਿਹਾਇਸ਼ੀ ਹੋਮ; DDA ਗਰੁੱਪ ਹੋਮ, ਗਰੁੱਪ ਟ੍ਰੇਨਿੰਗ ਹੋਮ; ਜਾਂ
- ਵਿਅਕਤੀ ਦਾ ਆਪਣਾ ਘਰ। **ਨੋਟ:** HCLA ਅਤੇ DDA ਵਿਅਕਤੀ ਦੇ ਆਪਣੇ ਘਰ ਵਿੱਚ ਦਿਨ ਵਿੱਚ 24-ਘੰਟੇ ਭੁਗਤਾਨਯੋਗ ਨਿੱਜੀ ਦੇਖਭਾਲ ਸੇਵਾਵਾਂ ਪ੍ਰਦਾਨ ਨਹੀਂ ਕਰਦੇ ਹਨ। ਜੇਕਰ 24-ਘੰਟੇ ਦੇਖਭਾਲ ਚਾਹੀਦੀ ਹੈ, ਤਾਂ ਹੋਰ ਸੇਵਾਵਾਂ ਦੇ ਵਿਕਲਪਾਂ 'ਤੇ ਵਿਚਾਰ ਕੀਤਾ ਜਾ ਸਕਦਾ ਹੈ।

ਇਸ ਦਸਤਾਵੇਜ਼ ਵਿੱਚ ਤੁਹਾਡੇ ਏਰੀਆ ਏਜੰਸੀ ਆਨ ਏਜਿੰਗ ਕੇਸ ਮੈਨੇਜਰ, DDA ਕੇਸ ਰਿਸੋਰਸ ਮੈਨੇਜਰ, ਨਰਸ ਕੇਅਰ ਕੰਸਲਟੈਂਟ, ਕੇਅਰ ਕੰਸਲਟੈਂਟ, ਹੋਮ ਐਂਡ ਕਮਿਊਨਿਟੀ ਸਰਵਿਸਿਜ਼ ਸੋਸ਼ਲ ਸਰਵਿਸ ਸਪੈਸ਼ਲਿਸਟ, ਜਾਂ HCS ਨਰਸਿੰਗ ਫੈਸਿਲਿਟੀ ਕੇਸ ਮੈਨੇਜਰ ਨੂੰ **ਕੇਸ ਵਰਕਰ** ਕਿਹਾ ਗਿਆ ਹੈ।

ਤੁਹਾਡੇ ਅਧਿਕਾਰ

ਤੁਹਾਡੇ ਕੋਲ ਹੇਠ ਲਿਖੇ ਅਧਿਕਾਰ ਹਨ:

- ਤੁਹਾਡੇ ਨਾਲ ਮਾਣ, ਸਤਿਕਾਰ ਅਤੇ ਬਿਨਾਂ ਕਿਸੇ ਭੇਦਭਾਵ ਦੇ ਵਿਹਾਰ ਕੀਤਾ ਜਾਵੇ;
- ਤੁਹਾਡੀ ਸੰਪਤੀ ਨਾਲ ਸਤਿਕਾਰ ਸਹਿਤ ਪੇਸ਼ ਆਇਆ ਜਾਵੇ;
- ਆਪਣੀ ਦੇਖਭਾਲ ਦੀ ਯੋਜਨਾ ਬਣਾਉਣ ਵਿੱਚ ਆਪਣੇ ਕੇਸ ਵਰਕਰ ਨਾਲ ਸਾਂਝੇਦਾਰੀ ਵਿੱਚ ਕੰਮ ਕਰਨ ਦਾ;
- ਜੇਕਰ ਤੁਸੀਂ ਅੰਗਰੇਜ਼ੀ ਚੰਗੀ ਤਰ੍ਹਾਂ ਬੋਲ ਜਾਂ ਸਮਝ ਨਹੀਂ ਸਕਦੇ ਹੋ, ਤਾਂ ਤੁਹਾਨੂੰ ਮੁਫਤ ਵਿੱਚ ਦੁਭਾਸ਼ੀਏ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ;
- ਕਾਨੂੰਨਾਂ ਅਤੇ DSHS ਦੇ ਨਿਯਮਾਂ ਦੀਆਂ ਹੱਦਾਂ ਦੇ ਅੰਦਰ ਤੁਹਾਡੇ ਬਾਰੇ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇ;
- ਤੁਹਾਨੂੰ ਸਵਾਲਾਂ ਦੇ ਜਵਾਬ ਦੇਣ ਜਾਂ ਕੋਈ ਅਜਿਹਾ ਕੰਮ ਕਰਨ ਲਈ ਮਜਬੂਰ ਨਾ ਕੀਤਾ ਜਾਵੇ ਜੋ ਤੁਸੀਂ ਨਹੀਂ ਕਰਨਾ ਚਾਹੁੰਦੇ ਹੋ;
- ਤੁਹਾਨੂੰ ਉਹਨਾਂ ਸਾਰੀਆਂ ਸੇਵਾਵਾਂ ਬਾਰੇ ਦੱਸਿਆ ਜਾਵੇ ਜੋ ਤੁਸੀਂ ਪ੍ਰਾਪਤ ਕਰ ਸਕਦੇ ਹੋ ਅਤੇ ਤੁਸੀਂ ਉਹਨਾਂ ਸੇਵਾਵਾਂ ਬਾਰੇ ਚੋਣ ਕਰ ਸਕੋ ਜੋ ਤੁਸੀਂ ਲੈਣਾ ਚਾਹੁੰਦੇ ਹੋ ਜਾਂ ਨਹੀਂ ਲੈਣਾ ਚਾਹੁੰਦੇ;
- ਤੁਹਾਨੂੰ ਏਜੰਸੀ ਦੇ ਫੈਸਲਿਆਂ ਬਾਰੇ ਲਿਖਤੀ ਰੂਪ ਵਿੱਚ ਦੱਸਿਆ ਜਾਵੇ ਅਤੇ ਆਪਣੇ ਕੇਅਰ ਪਲਾਨ ਜਾਂ ਸਪੋਰਟ ਪਲਾਨ ਦੇ ਸਾਰ ਦੀ ਇੱਕ ਕਾਪੀ ਪ੍ਰਾਪਤ ਕਰੋ;
- ਸਾਰੀਆਂ ਸੇਵਾਵਾਂ ਲੈਣ ਤੋਂ ਇਨਕਾਰ ਕਰਨ;
- ਇੱਕ ਯੋਗ ਪ੍ਰੋਵਾਈਡਰ ਨੂੰ ਚੁਣਨ, ਕੱਢਣ, ਜਾਂ ਬਦਲਣ;
- ਤੁਹਾਡੇ ਵੱਲੋਂ ਚੁਣੇ ਗਏ ਕਿਸੇ ਵੀ ਵਿਅਕਤੀਗਤ ਪ੍ਰੋਵਾਈਡਰ ਦੇ ਪਿਛੋਕੜ ਦੀ ਜਾਂਚ ਦੇ ਨਤੀਜੇ ਪ੍ਰਾਪਤ ਕਰਨ;
- ਜੇਕਰ ਤੁਸੀਂ ਅਤੇ ਤੁਹਾਡਾ ਕੇਸ ਵਰਕਰ ਸਹਿਮਤ ਨਹੀਂ ਹੁੰਦੇ ਹੋ, ਤਾਂ ਇੱਕ ਸੁਪਰਵਾਈਜ਼ਰ ਨਾਲ ਗੱਲ ਕਰਨ;
- ਆਪਣੀ ਕੇਅਰ ਪਲਾਨਿੰਗ ਪ੍ਰਕਿਰਿਆ, ਕੇਅਰ ਪਲਾਨ, ਸੇਵਾਵਾਂ, ਜਾਂ ਆਪਣੀ ਹੋਮ ਐਂਡ ਕਮਿਊਨਿਟੀ ਅਧਾਰਿਤ ਸੈਟਿੰਗ ਵਿੱਚ ਕਿਸੇ ਵੀ ਅਜਿਹੀ ਚੀਜ਼ ਬਾਰੇ ਜਿਸ ਤੋਂ ਤੁਸੀਂ ਅਸੰਤੁਸ਼ਟ ਹੋ, ਰਾਜ ਜਾਂ ਪ੍ਰੋਵਾਈਡਰ ਦੀ ਕਾਰਗੁਜ਼ਾਰੀ ਬਾਰੇ ਕਿਸੇ ਵੀ ਸਮੇਂ ਸ਼ਿਕਾਇਤ ਜਾਂ ਚਿੰਤਾ ਦਰਜ ਕਰਵਾਉਣ; ਤੁਹਾਡੇ ਕੋਲ ਬਿਨਾਂ ਕਿਸੇ ਬਦਲੇ ਦੀ ਕਾਰਵਾਈ ਦੇ ਸ਼ਿਕਾਇਤ ਦਰਜ ਕਰਨ ਦਾ ਅਧਿਕਾਰ ਹੈ। ਤੁਸੀਂ 1-800-737-0617 'ਤੇ ਕਾਲ ਕਰਕੇ grievances@dshs.wa.gov, 'ਤੇ ਈਮੇਲ ਭੇਜ ਕੇ, ਜਾਂ ਕਿਸੇ ਵੀ DDA ਜਾਂ HCLA ਸਟਾਫ਼ ਮੈਂਬਰ ਨੂੰ ਸ਼ਿਕਾਇਤ ਦਰਜ ਕਰਨ ਦੇ ਤਰੀਕੇ ਬਾਰੇ ਜਾਣਕਾਰੀ ਲਈ ਪੁੱਛ ਕੇ ਸ਼ਿਕਾਇਤ ਜਾਂ ਚਿੰਤਾ ਦਰਜ ਕਰਵਾ ਸਕਦੇ ਹੋ;
- ਭਾਵੇਂ ਤੁਸੀਂ ਕੋਈ ਸ਼ਿਕਾਇਤ ਕੀਤੀ ਹੋਵੇ, ਫਿਰ ਵੀ ਪ੍ਰਬੰਧਕੀ ਸੁਣਵਾਈ ਲਈ ਬੇਨਤੀ ਕਰਨ;
- ਭਾਵੇਂ ਤੁਸੀਂ ਪ੍ਰਬੰਧਕੀ ਸੁਣਵਾਈ ਲਈ ਬੇਨਤੀ ਕੀਤੀ ਹੋਵੇ, ਨੁਕਸਾਨ ਦੇ ਡਰ ਤੋਂ ਬਿਨਾਂ ਸ਼ਿਕਾਇਤ ਕਰਨ;
- 1-888-201-1014 'ਤੇ ਕਾਲ ਕਰਕੇ ਕਿਸੇ ਹਿਮਾਇਤੀ ਨਾਲ ਗੱਲ ਕਰਨ; ਅਤੇ
- ਤੁਹਾਡੇ ਨਾਲ ਦੁਰਵਿਵਹਾਰ, ਅਣਦੇਖੀ, ਵਿੱਤੀ ਸ਼ੋਸ਼ਣ ਨਾ ਕੀਤਾ ਜਾਵੇ, ਅਤੇ ਤੁਹਾਨੂੰ ਛੱਡਿਆ ਨਾ ਜਾਵੇ। ਇਹਨਾਂ ਸ਼ਬਦਾਂ ਦੇ ਵੇਰਵੇ ਲਈ, ਇੱਥੇ ਜਾਓ: https://www.dshs.wa.gov/altsa/home-and-community-services/types-and-signs-abuse। ਜੇਕਰ ਤੁਹਾਡੇ ਜਾਂ ਤੁਹਾਡੇ ਜਾਣ-ਪਛਾਣ ਵਾਲੇ ਕਿਸੇ ਵਿਅਕਤੀ ਨਾਲ ਦੁਰਵਿਵਹਾਰ, ਅਣਦੇਖੀ ਜਾਂ ਸ਼ੋਸ਼ਣ ਹੋ ਰਿਹਾ ਹੈ, ਤਾਂ ਕਿਰਪਾ ਕਰਕੇ ਤੁਹਾਡੀ ਮਦਦ ਕਰਨ ਵਾਲੇ ਕਰਮਚਾਰੀ ਨਾਲ ਗੱਲ ਕਰਨ ਲਈ DSHS ਨੂੰ ਟੋਲ-ਫ੍ਰੀ ਨੰਬਰ 1-866 (End Harm) /1-866-363-4276 'ਤੇ ਕਾਲ ਕਰੋ।

Barcode label

16172

ਗਾਹਕ ਦਾ ਨਾਂ	ACES ID ਨੰਬਰ

ਤੁਹਾਡੀਆਂ ਜ਼ਿੰਮੇਵਾਰੀਆਂ

ਤੁਹਾਡੀ ਜ਼ਿੰਮੇਵਾਰੀ ਹੈ ਕਿ:

- ਕੇਸ ਵਰਕਰ ਨੂੰ ਤੁਹਾਡੇ ਲਈ ਸੁਵਿਧਾਜਨਕ ਸਥਾਨ 'ਤੇ ਘੱਟੋ-ਘੱਟ ਸਾਲਾਨਾ ਤੌਰ 'ਤੇ ਤੁਹਾਡਾ ਮੁਲਾਂਕਣ ਪੂਰਾ ਕਰਨ ਦਿਓ;
- ਕੇਸ ਵਰਕਰ ਨੂੰ ਘੱਟੋ-ਘੱਟ ਸਾਲਾਨਾ ਤੌਰ 'ਤੇ ਆਪਣੇ ਰਹਿਣ-ਸਹਿਣ ਦਾ ਮਾਹੌਲ ਦੇਖਣ ਦਿਓ;
- ਤੁਹਾਡਾ ਮੁਲਾਂਕਣ ਪੂਰਾ ਕਰਨ ਅਤੇ ਤੁਹਾਡੇ ਕੇਅਰ ਪਲਾਨ ਦੇ ਤਾਲਮੇਲ ਵਿੱਚ ਸਹਾਇਤਾ ਕਰਨ ਲਈ ਸਾਨੂੰ ਲੋੜੀਂਦੀ ਜਾਣਕਾਰੀ ਦਿਓ;
- ਜੇਕਰ ਕੋਈ ਹੋਰ ਤੁਹਾਡੇ ਲਈ ਡਾਕਟਰੀ ਜਾਂ ਵਿੱਤੀ ਫੈਸਲੇ ਲੈਂਦਾ ਹੈ ਤਾਂ ਆਪਣੇ ਕੇਸ ਵਰਕਰ ਨੂੰ ਦੱਸੋ;
- ਆਪਣੇ ਕੇਅਰ ਜਾਂ ਸਪੋਰਟ ਪਲਾਨ ਦੇ ਵਿਕਾਸ ਵਿੱਚ ਹਿੱਸਾ ਲਓ, ਅਤੇ ਇਸ ਉੱਤੇ ਦਸਤਖਤ ਕਰੋ;
- ਆਪਣੇ ਕੇਸ ਵਰਕਰ ਨੂੰ ਸਮੇਂ ਸਿਰ ਜਵਾਬ ਦਿਓ ਅਤੇ ਗੱਲਬਾਤ ਕਰੋ;
- ਆਪਣੀ ਖ਼ੁਦ ਦੀ ਸਿਹਤ ਸੰਭਾਲ ਚੁਣੋ;
- ਯੋਗਤਾਪ੍ਰਾਪਤ ਪ੍ਰੋਵਾਈਡਰ ਚੁਣੋ;
- ਪ੍ਰੋਵਾਈਡਰ ਦੇ ਪਿਛੋਕੜ ਦੀ ਜਾਂਚ ਗੁਪਤ ਰੱਖੋ;
- ਇਹ ਸਮਝੋ ਕਿ ਤੁਹਾਡੇ ਪ੍ਰੋਵਾਈਡਰ ਨੂੰ ਉਹਨਾਂ ਸੇਵਾਵਾਂ ਜਾਂ ਘੰਟਿਆਂ ਲਈ ਭੁਗਤਾਨ ਨਹੀਂ ਕੀਤਾ ਜਾ ਸਕਦਾ ਜੋ ਅਧਿਕਾਰਤ ਨਹੀਂ ਹਨ;
- ਜੇਕਰ ਤੁਹਾਨੂੰ ਆਪਣੇ ਪ੍ਰੋਵਾਈਡਰ ਨਾਲ ਸਮੱਸਿਆਵਾਂ ਆ ਰਹੀਆਂ ਹਨ ਜਾਂ ਜੇਕਰ ਤੁਹਾਨੂੰ ਤੁਹਾਡੇ ਪ੍ਰੋਵਾਈਡਰ ਦੁਆਰਾ ਦਾਅਵਾ ਕੀਤੇ ਗਏ ਘੰਟੇ ਨਹੀਂ ਮਿਲ ਰਹੇ ਹਨ ਤਾਂ ਆਪਣੇ ਕੇਸ ਵਰਕਰ ਨੂੰ ਦੱਸੋ;
- ਜੇਕਰ ਤੁਸੀਂ ਆਪਣੀ ਦੇਖਭਾਲ ਲਈ ਭੁਗਤਾਨ ਕਰਨ ਵਿੱਚ ਮਦਦ ਕਰਦੇ ਹੋ, ਤਾਂ ਹਰ ਮਹੀਨੇ ਆਪਣੇ ਪ੍ਰੋਵਾਈਡਰ ਨੂੰ ਭੁਗਤਾਨ ਕਰੋ;
- ਇੱਕ ਸੁਰੱਖਿਅਤ ਕੰਮ ਵਾਲੀ ਥਾਂ ਪ੍ਰਦਾਨ ਕਰੋ;
- ਅਜਿਹਾ ਵਿਹਾਰ ਨਾ ਕਰੋ ਜਿਸ ਨਾਲ ਕਿਸੇ ਨੂੰ ਖ਼ਤਰਾ ਹੋਵੇ;
- ਜੇਕਰ ਤੁਸੀਂ ਆਪਣੇ ਨਿੱਜੀ ਦੇਖਭਾਲ ਪ੍ਰੋਵਾਈਡਰ ਨਾਲ ਵਾਸ਼ਿੰਗਟਨ ਸਟੇਟ ਤੋਂ ਬਾਹਰ ਜਾ ਰਹੇ ਹੋ, ਤਾਂ ਜਾਣ ਤੋਂ ਪਹਿਲਾਂ ਆਪਣੇ ਕੇਸ ਵਰਕਰ ਨੂੰ ਦੱਸੋ; ਅਤੇ
- ਜੇਕਰ ਹੇਠ ਲਿਖੀਆਂ ਗੱਲਾਂ ਵਿੱਚ ਕੋਈ ਬਦਲਾਅ ਹੁੰਦਾ ਹੈ ਤਾਂ ਆਪਣੇ ਕੇਸ ਵਰਕਰ ਨੂੰ ਦੱਸੋ:
  - ✓ ਤੁਹਾਡੀ ਮੈਡੀਕਲ ਸਥਿਤੀ;
  - ✓ ਪਰਿਵਾਰ, ਦੋਸਤਾਂ, ਜਾਂ ਹੋਰ ਏਜੰਸੀਆਂ ਤੋਂ ਤੁਹਾਨੂੰ ਮਿਲਣ ਵਾਲੀ ਮਦਦ;
  - ✓ ਤੁਹਾਡੀ ਵਿੱਤੀ ਸਥਿਤੀ;
  - ✓ ਉਹ ਥਾਂ ਜਿੱਥੇ ਤੁਸੀਂ ਆਪਣੀ ਦੇਖਭਾਲ ਪ੍ਰਾਪਤ ਕਰ ਰਹੇ ਹੋ;
  - ✓ ਵਾਸ਼ਿੰਗਟਨ ਸਟੇਟ ਵਿੱਚ ਤੁਸੀਂ ਕਿੱਥੇ ਰਹਿੰਦੇ ਹੋ; ਜਾਂ
  - ✓ ਤੁਹਾਡੀ ਰਿਹਾਇਸ਼ - ਤੁਸੀਂ ਜਾਣ ਦੀ ਯੋਜਨਾ ਬਣਾ ਰਹੇ ਹੋ, ਜਾਂ ਤੁਸੀਂ ਹੁਣ ਵਾਸ਼ਿੰਗਟਨ ਸਟੇਟ ਤੋਂ ਬਾਹਰ ਰਹਿੰਦੇ ਹੋ।

ਕੇਸ ਵਰਕਰ ਦੀਆਂ ਜ਼ਿੰਮੇਵਾਰੀਆਂ

ਤੁਹਾਡਾ ਕੇਸ ਵਰਕਰ ਇਹਨਾਂ ਲਈ ਜ਼ਿੰਮੇਵਾਰ ਹੈ:

- ਤੁਹਾਡੇ ਨਾਲ ਮਾਣ ਅਤੇ ਸਤਿਕਾਰ ਨਾਲ ਪੇਸ਼ ਆਉਣਾ;
- ਤੁਹਾਡੀ ਨਿੱਜਤਾ ਬਣਾਈ ਰੱਖਣਾ;
- ਤੁਹਾਨੂੰ ਇਹ ਦੱਸਣਾ ਕਿ HCLA ਅਤੇ DDA ਤੁਹਾਡੇ ਲਈ ਕੀ ਕਰ ਸਕਦੇ ਹਨ, ਜਾਂ ਕੀ ਨਹੀਂ ਕਰ ਸਕਦੇ;
- ਤੁਹਾਡੀ ਸਹਾਇਤਾ ਦੇ ਪੱਧਰ ਨੂੰ ਨਿਰਧਾਰਤ ਕਰਨ ਲਈ ਮੁਲਾਂਕਣ ਕਰਨ ਵਾਸਤੇ ਤੁਹਾਡੇ ਅਤੇ ਹੋਰਾਂ ਤੋਂ ਜਾਣਕਾਰੀ ਪ੍ਰਾਪਤ ਕਰਨਾ, ਅਤੇ ਇਹ ਫੈਸਲਾ ਕਰਨਾ ਕਿ ਤੁਸੀਂ ਕਿਹੜੀਆਂ ਸੇਵਾਵਾਂ ਵਿੱਚੋਂ ਚੋਣ ਕਰ ਸਕਦੇ ਹੋ;
  - ✓ ਮੁਲਾਂਕਣ ਵਿੱਚ ਤੁਹਾਡੀਆਂ ਤਾਕਤਾਂ, ਸੀਮਾਵਾਂ, ਟੀਚੇ ਅਤੇ ਤਰਜੀਹਾਂ ਸ਼ਾਮਲ ਹੋਣਗੀਆਂ;
  - ✓ ਮੁਲਾਂਕਣ ਵਿੱਚ ਉਹ ਮਦਦ ਸ਼ਾਮਲ ਹੋਵੇਗੀ ਜੋ ਤੁਸੀਂ ਪਹਿਲਾਂ ਹੀ ਪ੍ਰਾਪਤ ਕਰ ਰਹੇ ਹੋ ਜਾਂ ਪਰਿਵਾਰ ਜਾਂ ਹੋਰ ਏਜੰਸੀਆਂ ਤੋਂ ਪ੍ਰਾਪਤ ਕਰ ਸਕਦੇ ਹੋ ਅਤੇ ਇਹ ਵੀ ਕਿ ਤੁਸੀਂ ਸੇਵਾਵਾਂ ਕਿਵੇਂ ਪੂਰੀਆਂ ਕਰਵਾਉਣਾ ਚਾਹੁੰਦੇ ਹੋ;
- ਇੱਕ ਕੇਅਰ ਪਲਾਨ ਜਾਂ ਸਪੋਰਟ ਪਲਾਨ ਵਿਕਸਿਤ ਕਰਨ ਵਿੱਚ ਤੁਹਾਡੀ ਮਦਦ ਕਰਨਾ ਜੋ ਨਿੱਜੀ ਦੇਖਭਾਲ ਸੰਬੰਧੀ ਸਹਾਇਤਾ ਨੂੰ ਸੰਬੋਧਿਤ ਕਰਦਾ ਹੈ ਅਤੇ ਜਿਸ ਵਿੱਚ ਤੁਹਾਡੇ ਨਿੱਜੀ ਟੀਚੇ, ਤਰਜੀਹਾਂ, ਅਤੇ ਵਿਕਲਪ ਸ਼ਾਮਲ ਹੁੰਦੇ ਹਨ;
- ਹਰ ਸਾਲ ਜਾਂ ਤੁਹਾਡੀ ਸਥਿਤੀ ਬਦਲਣ 'ਤੇ ਤੁਹਾਡੇ ਕੇਅਰ ਪਲਾਨ ਜਾਂ ਸਪੋਰਟ ਪਲਾਨ ਨੂੰ ਅੱਪਡੇਟ ਕਰਨ ਲਈ ਤੁਹਾਡੇ ਤੋਂ ਅਤੇ ਹੋਰਾਂ ਤੋਂ ਜਾਣਕਾਰੀ ਪ੍ਰਾਪਤ ਕਰਨਾ;
- ਲੋੜੀਂਦੀ ਜਾਣਕਾਰੀ ਪ੍ਰਦਾਨ ਕਰਨ ਲਈ ਤੁਹਾਨੂੰ ਕਾਫ਼ੀ ਸਮਾਂ ਦੇਣਾ;
- ਤੁਹਾਡੇ ਕੇਅਰ ਪਲਾਨ ਜਾਂ ਸਪੋਰਟ ਪਲਾਨ ਵਿੱਚ ਸਮੱਸਿਆਵਾਂ ਆਉਣ 'ਤੇ ਉਨ੍ਹਾਂ ਦਾ ਹੱਲ ਕੱਢਣਾ;
- ਤੁਹਾਡੇ ਅਧਿਕਾਰਾਂ ਦਾ ਸਨਮਾਨ ਕਰਨਾ ਅਤੇ ਜੇਕਰ ਤੁਹਾਨੂੰ ਮਾਨਸਿਕ, ਨਿਊਰੋਲੋਜੀਕਲ, ਸੰਵੇਦੀ, ਜਾਂ ਸਰੀਰਕ ਕਮਜ਼ੋਰੀਆਂ ਹਨ ਤਾਂ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਵਧੇਰੇ ਮਦਦ ਪ੍ਰਦਾਨ ਕਰਨਾ; ਅਤੇ
- ਜੇਕਰ ਤੁਸੀਂ ਕੋਈ ਯੋਗ ਪ੍ਰੋਵਾਈਡਰ ਨਹੀਂ ਲੱਭ ਸਕਦੇ, ਤਾਂ ਇਸਨੂੰ ਲੱਭਣ ਵਿੱਚ ਤੁਹਾਡੀ ਮਦਦ ਕਰਨਾ।

Barcode label

16172

ਗਾਹਕ ਦਾ ਨਾਂ	ACES ID ਨੰਬਰ

ਅਡਵਾਂਸ ਡਾਇਰੈਕਟਿਵਜ਼

ਤੁਹਾਨੂੰ ਅਡਵਾਂਸ ਡਾਇਰੈਕਟਿਵਜ਼ ਬਣਾਉਣ ਦਾ ਅਧਿਕਾਰ ਹੈ। ਅਡਵਾਂਸ ਡਾਇਰੈਕਟਿਵਜ਼ ਵਿੱਚ ਤੁਹਾਡੀ ਸਿਹਤ ਸੰਭਾਲ ਲਈ ਜੀਵਤ ਵਸੀਅਤ ਜਾਂ ਸਥਾਈ ਮੁਖਤਿਆਰਨਾਮਾ ਸ਼ਾਮਲ ਹੋ ਸਕਦਾ ਹੈ। ਅਡਵਾਂਸ ਡਾਇਰੈਕਟਿਵਜ਼ ਡਾਕਟਰੀ ਅਤੇ/ਜਾਂ ਮਾਨਸਿਕ ਸਿਹਤ ਦੇਖਭਾਲ ਬਾਰੇ ਤੁਹਾਡੀਆਂ ਇੱਛਾਵਾਂ ਦਾ ਸਾਰ ਦਿੰਦੇ ਹਨ, ਜਿਸ ਵਿੱਚ ਡਾਕਟਰੀ, ਮਾਨਸਿਕ ਸਿਹਤ, ਜਾਂ ਸਰਜੀਕਲ ਇਲਾਜ ਨੂੰ ਸਵੀਕਾਰ ਕਰਨ ਜਾਂ ਇਨਕਾਰ ਕਰਨ ਦਾ ਅਧਿਕਾਰ ਸ਼ਾਮਲ ਹੁੰਦਾ ਹੈ, ਜਦੋਂ ਤੁਹਾਡੇ ਕੋਲ ਉਹ ਫੈਸਲੇ ਲੈਣ ਦੀ ਮਾਨਸਿਕ ਯੋਗਤਾ ਨਹੀਂ ਹੁੰਦੀ ਹੈ। ਤੁਸੀਂ ਕਿਸੇ ਵੀ ਸਮੇਂ ਆਪਣੇ ਅਡਵਾਂਸ ਡਾਇਰੈਕਟਿਵਜ਼ ਨੂੰ ਰੱਦ ਕਰ ਸਕਦੇ ਹੋ।

ਵੋਟਰ ਰਜਿਸਟ੍ਰੇਸ਼ਨ ਸੇਵਾ

1993 ਦਾ ਨੈਸ਼ਨਲ ਵੋਟਰ ਰਜਿਸਟ੍ਰੇਸ਼ਨ ਐਕਟ ਸਾਰੇ ਰਾਜਾਂ ਲਈ ਇਹ ਲਾਜ਼ਮੀ ਬਣਾਉਂਦਾ ਹੈ ਕਿ ਉਹ ਆਪਣੇ ਜਨਤਕ ਸਹਾਇਤਾ ਦਫਤਰਾਂ ਰਾਹੀਂ ਵੋਟਰ ਰਜਿਸਟ੍ਰੇਸ਼ਨ ਸਹਾਇਤਾ ਪ੍ਰਦਾਨ ਕਰਨ। ਵੋਟ ਪਾਉਣ ਲਈ ਰਜਿਸਟਰ ਕਰਨ ਵਾਸਤੇ ਅਰਜ਼ੀ ਦੇਣ ਜਾਂ ਰਜਿਸਟਰ ਕਰਨ ਤੋਂ ਇਨਕਾਰ ਕਰਨ ਦਾ ਇਸ ਏਜੰਸੀ ਦੁਆਰਾ ਤੁਹਾਨੂੰ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਜਾਂ ਲਾਭਾਂ ਦੀ ਮਾਤਰਾ 'ਤੇ ਕੋਈ ਅਸਰ ਨਹੀਂ ਪਵੇਗਾ। ਜੇ ਤੁਸੀਂ ਵੋਟਰ ਰਜਿਸਟ੍ਰੇਸ਼ਨ ਫ਼ਾਰਮ ਭਰਨ ਵਿਚ ਮਦਦ ਚਾਹੁੰਦੇ ਹੋ, ਤਾਂ ਅਸੀਂ ਤੁਹਾਡੀ ਮਦਦ ਕਰਾਂਗੇ। ਰਜਿਸਟਰ ਕਰਨ ਜਾਂ ਰਜਿਸਟਰ ਕਰਨ ਤੋਂ ਇਨਕਾਰ ਕਰਨ ਦੇ ਤੁਹਾਡੇ ਫੈਸਲੇ ਨੂੰ ਗੁਪਤ ਰੱਖਿਆ ਜਾਵੇਗਾ ਅਤੇ ਸਿਰਫ਼ ਵੋਟਰ ਰਜਿਸਟ੍ਰੇਸ਼ਨ ਦੇ ਉਦੇਸ਼ਾਂ ਲਈ ਵਰਤਿਆ ਜਾਵੇਗਾ। ਜੇਕਰ ਤੁਹਾਨੂੰ ਲੱਗਦਾ ਹੈ ਕਿ ਕਿਸੇ ਨੇ ਵੋਟ ਪਾਉਣ ਲਈ ਰਜਿਸਟਰ ਕਰਨ ਜਾਂ ਰਜਿਸਟਰ ਕਰਨ ਤੋਂ ਇਨਕਾਰ ਕਰਨ ਦੇ ਤੁਹਾਡੇ ਅਧਿਕਾਰ, ਰਜਿਸਟਰ ਕਰਨ ਜਾਂ ਵੋਟ ਪਾਉਣ ਲਈ ਰਜਿਸਟਰ ਕਰਨ ਵਾਸਤੇ ਅਰਜ਼ੀ ਦੇਣ ਦਾ ਫੈਸਲਾ ਕਰਨ ਵਿੱਚ ਤੁਹਾਡੀ ਨਿੱਜਤਾ ਦੇ ਅਧਿਕਾਰ, ਜਾਂ ਤੁਹਾਡੀ ਆਪਣੀ ਸਿਆਸੀ ਪਾਰਟੀ ਜਾਂ ਹੋਰ ਸਿਆਸੀ ਤਰਜੀਹ ਚੁਣਨ ਦੇ ਤੁਹਾਡੇ ਅਧਿਕਾਰ ਵਿੱਚ ਦਖਲਅੰਦਾਜ਼ੀ ਕੀਤੀ ਹੈ, ਤਾਂ ਤੁਸੀਂ ਇੱਥੇ ਸ਼ਿਕਾਇਤ ਦਰਜ ਕਰਵਾ ਸਕਦੇ ਹੋ:

Washington State Elections Office
PO Box 40229
Olympia WA 98504-0229
1-800-448-4881

ਤੁਹਾਡੇ ਦਸਤਖ਼ਤ

ਜੇਕਰ ਤੁਸੀਂ ਆਪਣੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਦੇ ਹੋ ਅਤੇ ਆਪਣੇ ਕੇਸ ਵਰਕਰ ਦੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹੋ ਤਾਂ ਹੇਠਾਂ ਦਸਤਖਤ ਕਰੋ।

ਕਲਾਇੰਟ ਦੇ ਦਸਤਖਤ	ਤਾਰੀਖ਼
ਕਾਨੂੰਨੀ ਨੁਮਾਇੰਦੇ ਦੇ ਦਸਤਖਤ	ਤਾਰੀਖ਼

ਗਾਹਕਾਂ ਅਤੇ ਕਰਮਚਾਰੀਆਂ ਲਈ ਨੋਟਿਸ (Title VI ਅਤੇ VII), ਵਾਸ਼ਿੰਗਟਨ ਸਟੇਟ ਦਾ ਸਮਾਜਿਕ ਅਤੇ ਸਿਹਤ ਸੇਵਾਵਾਂ ਵਿਭਾਗ ਇੱਕ ਸਮਾਨ ਮੌਕੇ ਪ੍ਰਦਾਨ ਕਰਨ ਵਾਲਾ ਰੁਜ਼ਗਾਰਦਾਤਾ ਹੈ ਅਤੇ ਰੁਜ਼ਗਾਰ ਦੇ ਕਿਸੇ ਵੀ ਖੇਤਰ, ਇਸਦੇ ਪ੍ਰੋਗਰਾਮਾਂ ਜਾਂ ਸੇਵਾਵਾਂ ਵਿੱਚ ਉਮਰ, ਲਿੰਗ, ਜਿਨਸੀ ਝੁਕਾਅ, ਜੈਂਡਰ, ਜੈਂਡਰ ਪਛਾਣ/ਪ੍ਰਗਟਾਵੇ, ਵਿਆਹੁਤਾ ਸਥਿਤੀ, ਨਸਲ, ਮਤ, ਰੰਗ, ਰਾਸ਼ਟਰੀ ਮੂਲ, ਧਰਮ ਜਾਂ ਵਿਸ਼ਵਾਸਾਂ, ਰਾਜਨੀਤਿਕ ਸੰਬੰਧ, ਫੌਜੀ ਸਥਿਤੀ, ਸਨਮਾਨਜਨਕ ਤੌਰ 'ਤੇ ਫੌਜ ਤੋਂ ਵੱਖ ਹੋਏ ਪੂਰਵ-ਸੈਨਿਕ, ਵੀਅਤਨਾਮ ਕਾਲ ਦੇ, ਹਾਲ ਹੀ ਵਿੱਚ ਵੱਖ ਹੋਏ ਜਾਂ ਹੋਰ ਸੁਰੱਖਿਅਤ ਪੂਰਵ-ਸੈਨਿਕ ਸਥਿਤੀ ਵਾਲੇ ਵਿਅਕਤੀ, ਕਿਸੇ ਵੀ ਸੰਵੇਦੀ, ਮਾਨਸਿਕ, ਸਰੀਰਕ ਅਪਾਹਜਤਾ ਦੀ ਮੌਜੂਦਗੀ ਜਾਂ ਅਪਾਹਜ ਵਿਅਕਤੀ ਦੁਆਰਾ ਸਿਖਲਾਈ ਪ੍ਰਾਪਤ ਗਾਈਡ ਕੁੱਤੇ ਜਾਂ ਸਰਵਿਸ ਜਾਨਵਰ ਦੀ ਵਰਤੋਂ, ਸਮਾਨ ਤਨਖਾਹ ਜਾਂ ਜੈਨੇਟਿਕ ਜਾਣਕਾਰੀ ਦੇ ਆਧਾਰ 'ਤੇ ਕੋਈ ਭੇਦਭਾਵ ਨਹੀਂ ਕਰਦਾ ਹੈ।

Barcode label

16172

ਜਦੋਂ ਤੁਸੀਂ ਹੋਮ ਐਂਡ ਕਮਿਊਨਿਟੀ ਲਿਵਿੰਗ ਐਡਮਿਨਿਸਟ੍ਰੇਸ਼ਨ ਅਤੇ ਡਿਵੈਲਪਮੈਂਟਲ ਡਿਸਏਬਿਲਿਟੀਜ਼ ਐਡਮਿਨਿਸਟ੍ਰੇਸ਼ਨ ਦੁਆਰਾ ਪੇਸ਼ ਕੀਤੀਆਂ ਸੇਵਾਵਾਂ ਪ੍ਰਾਪਤ ਕਰਦੇ ਹੋ, ਤਾਂ ਤੁਹਾਡੇ ਅਧਿਕਾਰ ਅਤੇ ਜ਼ਿੰਮੇਵਾਰੀਆਂ

ਕੇਸ ਵਰਕਰ ਲਈ ਹਦਾਇਤਾਂ

1. ਕਲਾਇੰਟ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਈ ਕਲਾਇੰਟ ਨਾਲ ਫਾਰਮ ਦੀ ਸਮੀਖਿਆ ਕਰੋ। ਸ਼ੁਰੂਆਤੀ CARE ਮੁਲਾਂਕਣ 'ਤੇ (ਜਾਂ ਜੇਕਰ ਫਾਰਮ 'ਤੇ ਦਸਤਖਤ ਨਹੀਂ ਕੀਤੇ ਗਏ ਹਨ ਤਾਂ ਮਹੱਤਵਪੂਰਨ ਬਦਲਾਅ/ਸਾਲਾਨਾ ਮੁਲਾਂਕਣ 'ਤੇ) ਕਲਾਇੰਟ ਨਾਲ ਸਮੀਖਿਆ ਕਰੋ। ਜੇਕਰ ਫਾਰਮ ਦਾ ਕੋਈ ਅੱਪਡੇਟ ਕੀਤਾ ਸੰਸਕਰਣ ਮੌਜੂਦ ਹੈ, ਤਾਂ ਕਲਾਇੰਟ ਤੋਂ ਅੱਪਡੇਟ ਕੀਤੇ ਫਾਰਮ 'ਤੇ ਦਸਤਖਤ ਕਰਵਾਓ। ਕੇਸ ਵਰਕਰ ਦੁਆਰਾ ਪੇਸ਼ ਕੀਤਾ ਗਿਆ ਅਤੇ ਕਲਾਇੰਟ ਦੁਆਰਾ ਦਸਤਖਤ ਕੀਤਾ ਗਿਆ ਕਲਾਇੰਟ ਦੇ ਅਧਿਕਾਰ ਅਤੇ ਜ਼ਿੰਮੇਵਾਰੀਆਂ ਵਾਲਾ ਸਭ ਤੋਂ ਨਵਾਂ ਫਾਰਮ ਪਹਿਲਾਂ ਦਸਤਖਤ ਕੀਤੇ ਫਾਰਮਾਂ ਦੀ ਥਾਂ ਲੈਂਦਾ ਹੈ।
2. ਹੋਮ ਐਂਡ ਕਮਿਊਨਿਟੀ ਲਿਵਿੰਗ ਐਡਮਿਨਿਸਟ੍ਰੇਸ਼ਨ ਅਤੇ ਡਿਵੈਲਪਮੈਂਟਲ ਡਿਸਏਬਿਲਿਟੀਜ਼ ਐਡਮਿਨਿਸਟ੍ਰੇਸ਼ਨ ਦੁਆਰਾ ਪੇਸ਼ ਕੀਤੀਆਂ ਸੇਵਾਵਾਂ ਪ੍ਰਾਪਤ ਕਰਨ ਵੇਲੇ ਕਲਾਇੰਟ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਉਨ੍ਹਾਂ ਦੀ ਸਮਝ ਨੂੰ ਦਰਸਾਉਣ ਲਈ ਕਲਾਇੰਟ ਜਾਂ ਕਲਾਇੰਟ ਦੇ ਨੁਮਾਇੰਦੇ ਤੋਂ ਫਾਰਮ ਦੀਆਂ ਦੋ ਕਾਪੀਆਂ 'ਤੇ ਦਸਤਖਤ ਕਰਵਾਓ।
3. ਇੱਕ ਕਾਪੀ ਨੂੰ ਕਲਾਇੰਟ ਦੇ ਇਲੈਕਟ੍ਰਾਨਿਕ ਕੇਸ ਰਿਕਾਰਡ ਵਿੱਚ ਫਾਈਲ ਕਰੋ ਅਤੇ ਦੂਜੀ ਕਾਪੀ ਕਲਾਇੰਟ ਨੂੰ ਦਿਓ।